# ਖਵਾਸਿਨਾ

ਪ੍ਰੋ. ਪੂਰਨ ਸਿੰਘ

ਅਨੁਵਾਦ
ਤਰੁਨਦੀਪ ਸਿੰਘ

# ਪ੍ਰਕਾਸਿਨਾ

ਪ੍ਰੋ. ਪੂਰਨ ਸਿੰਘ

ਅਨੁਵਾਦ
ਤਰੁਨਦੀਪ ਸਿੰਘ

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ ਜਾਂ ਪੀ.ਡੀ.ਐਫ ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

# ਤਰਤੀਬ


| | |
|---|---|
| ਭੇਖ ਵਿਚ ਰਾਜਾ | 6 |
| ਲੋਕਿਨਾ – ਰੱਬਾਨੀਅਤ ਦੀ ਮੂਰਤ | 29 |
| ਸ਼ਹਿਜ਼ਾਦੀ ਪ੍ਰਕਾਸਿਨਾ | 37 |
| ਖ਼ਿਆਲ ਦੇ ਬਣੇ ਸਰੀਰ | 44 |
| ਰਾਜੇ ਦੀ ਫੇਰੀ | 59 |
| ਮਨਮਹਾਜੀ | 77 |
| ਕੈਂਪ | 111 |
| ਸ਼ਿਵਾਲਿਕ ਪਹਾੜੀ ਦੀ ਤਲਹਟੀ ’ਤੇ | 132 |
| ਗਲੇਸ਼ੀਅਰ ਦਾ ਪਹਿਲਾ ਝਲਕਾ | 144 |
| ਫ਼ਰਿਸ਼ਤਿਆਂ ਦਾ ਬਾਗ਼ | 152 |
| ਮਹਿਮਾਨ | 167 |
| ਪਿਆਰ | 194 |

| | |
|---|---|
| ਪੀਂਘ | 209 |
| ਅਣ ਦਿਸਦੇ ਲੁਟੇਰੇ | 216 |
| ਰਾਜੇ ਦੀ ਗੰਗੋਲਾ ਫੇਰੀ | 228 |
| ਮਿਹਰਾਂ ਦੇ ਬੱਦਲ | 242 |
| ਸੋਨੇ ਦੀ ਧੁਆਈ ਕਰਨ ਵਾਲੇ | 252 |
| ਚੜ੍ਹਾਈ | 266 |
| ਕੈਂਪ ਤੋਂ ਨਿਖੇੜਾ | 280 |
| ਮਾਨਸਰੋਵਰ ਵੱਲ ਨੂੰ | 292 |
| ਮਾਨਸਰੋਵਰ ਦੀ ਗੁਫ਼ਾਵਾਂ | 302 |
| ਪਰਦਾ ਚੁੱਕਿਆ ਗਿਆ | 323 |
| ਅਲਬਿੱਤਾ | 337 |
| ਅਨਸੀ | 352 |
| ਪੌਲੀ ਕਾਂਤਾ | 375 |

ਸਫ਼ਰ ਕੀਤੇ ਰਾਹ 394

ਖ਼ੂਬਸੂਰਤੀ ਦਾ ਇਨਾਮ 409

# ਭੇਖ ਵਿਚ ਰਾਜਾ

ਬੀਤ ਗਏ ਉਹ ਦਿਨ ਜਦੋਂ ਮਨੁੱਖਾਂ ਵਿਚ ਸਿਰਮੌਰ ਮਨੁੱਖ ਰਾਜੇ ਬਣਦੇ ਸੀ ਤੇ ਮਨੁੱਖਾਂ ’ਤੇ ਰਾਜ ਕਰਨ ਵਾਲੇ ਰਾਜੇ ਆਪ ਸਿਰਮੌਰ ਮਨੁੱਖ ਹੁੰਦੇ ਸੀ। ਮਨੁੱਖਾਂ ਨੂੰ ਜਿਸ ਖ਼ਾਲਸ ਜ਼ਿੰਦਗੀ ਦਾ ਪਤਾ ਸੀ, ਉਹ ਜ਼ਿੰਦਗੀ ਇਕ ਮਿੱਠੜਾ ਤੇ ਨਿੱਘਾ ਆਤਮ-ਸੰਤੋਖ ਸੀ। ਆਪਣੇ-ਆਪ ਵਿਚ ਉਹ ਜੀਵਨ, ਸੌਗਾਤਾਂ ਤੇ ਤੋਹਫ਼ਿਆਂ ਨਾਲ ਲਬਰੇਜ਼ ਸੀ। ਉਸ ਜੀਵਨ ਵਿਚ ਬਹੁਤ ਜ਼ਿਆਦਾ ਖ਼ੁਸ਼ਹਾਲੀ ਸੀ, ਏਨੀ ਕਿ ਮਿੱਟੀ ਦੇ ਪੁੱਤ ਸਭ ਤੋਂ ਅਮੀਰ ਤੇ ਦਰਿਆ-ਦਿਲੀ ਨਾਲ ਦਾਨ ਕਰਨ ਵਾਲੇ ਸਨ। ਉਨ੍ਹਾਂ ਨੂੰ ਮਿਹਨਤ ਕਰਨ ਦੀ, ਫਿਰ ਨਿਰਸੁਆਰਥ ਭਾਵ ਨਾਲ ਵੰਡ ਦੇਣ ਦੀ ਤੇ ਆਪਣੇ ’ਤੇ ਹਰ ਵੇਲੇ ਨਿਗਾਹ ਰੱਖਣ ਵਾਲੇ ਰਾਜੇ ਦੀ ਰਜ਼ਾ ਵਿਚ ਰਹਿਣ ਦੀ ਬੰਦਗੀ ਕਰਨੀ ਆਉਂਦੀ ਸੀ।

ਉਨ੍ਹਾਂ ਦੇ ਚੌਗਿਰਦ ਕੰਮ ਕਰਨ ਵਾਸਤੇ ਕਾਫ਼ੀ ਜ਼ਮੀਨ ਸੀ। ਚੋਖੀ

ਸੰਖਿਆ ਵਿਚ ਮੱਝਾਂ-ਗਾਵਾਂ ਸਨ ਤੇ ਹਰ ਕਿਸਾਨ ਦੀ ਝੌਂਪੜੀ ਆਪਣੇ-ਆਪ ਵਿਚ ਇਕ ਖ਼ੁਸ਼ਹਾਲੀ ਤੇ ਅਮਨ-ਅਮਾਨ ਭਰਿਆ ਘਰ ਸੀ। ਹਰ ਕਿਸਾਨ ਆਪਣੇ-ਆਪ ਵਿਚ ਇਕ ਛੋਟਾ ਰਾਜਾ ਹੁੰਦਾ ਸੀ। ਉਸ ਦਾ ਦਿਲ ਤੇ ਉਸ ਦਾ ਘਰ ਹੀ ਉਸ ਦੀ ਸ਼ਹਿਨਸ਼ਾਹੀ ਸੀ। ਉਹ ਹਯਾਤੀ ਜੋ ਬਹੁਤ ਹੀ ਭਲੇ ਸਮੇਂ ਲੰਘ ਗਈ… ਬੀਤ ਗਈ। ਉਹ ਹਯਾਤੀ ਸਹਿਜੇ ਹੀ ਇਕ ਰਸ ਭਰੀ 'ਸੰਗੀਤਕ ਗੀਤਿਕਾ' ਸੀ ਜਿਸ ਦੇ ਖੇੜੇ ਉਸ ਦੇ ਮੇਲਿਆਂ 'ਚ, ਤਿਉਹਾਰਾਂ 'ਚ, ਫੈਲੀਆਂ ਜੂਹਾਂ 'ਚ, ਜੰਗਲ ਵਿਚ ਰੈਣ-ਸਭਾਈ ਦੌਰਾਨ ਬਾਲੀਆਂ ਅੱਗਾਂ, ਦੇ ਦੁਆਲੇ ਸੀ। ਉਨ੍ਹਾਂ ਦਿਨਾਂ ਵਿਚ ਖ਼ੁਸ਼ੀਆਂ ਵੱਲ-ਛਲ਼ ਤੋਂ ਬਿਨਾਂ, ਬਿਨਾਂ ਕਿਸੇ ਬਨਾਵਟ ਜਾਂ ਪਰਤ ਦੇ, ਸੱਚ ਦੇ ਸਾਦੇ ਅਤੇ ਸਰਲ ਪ੍ਰਗਟਾ ਦੇ ਆਸੇ-ਪਾਸੇ ਜੁੜਦੀਆਂ ਸਨ।

ਲੋਕਾਈ ਦਾ ਰਾਜਾ ਲੋਕਾਈ ਵਾਸਤੇ ਤਾਂ ਰੱਬ ਦਾ ਧਰਤੀ 'ਤੇ ਥਾਪਿਆ ਹੋਇਆ ਇਕ ਪਵਿੱਤਰ ਨਾਇਬ (ਨਿਗ੍ਹਾਬਾਨ) ਸੀ। ਆਮ ਤੌਰ 'ਤੇ ਜਾਂ ਕਹੋ ਲੋਕ ਰਾਜੇ ਨੂੰ ਕੋਈ ਜਾਦੂਗਰੀ ਕਰਨ ਵਾਲਾ ਜਾਦੂਗਰ

ਹੀ ਮੰਨਦੇ ਸੀ। ਰਾਜਾ ਬਿਨਾਂ ਕਿਸੇ ਸ਼ੱਕ ਤੋਂ, ਆਪਣੇ ਸਿਰ ’ਤੇ ਅਰਸ਼ਾਂ ਤੋਂ ਹੁਕਮ ਲੈ ਕੇ ਆਇਆ। ਉਸ ਦੇ ਮੱਥੇ ’ਤੇ ਦਿਮਾਗ਼ ਦੀ ਤੀਖਣਤਾ ਦਮਕਦੀ ਹੈ, ਤੇ ਉਸ ਦੀ ਤਾਬ ਹਰ ਚੱਲ ਚੀਜ਼ ਨੂੰ ਆਪਣੇ ਵਾਸਤੇ ਸਮਰਪਣ ਤੇ ਅਦਬ ਵਿਚ ਲੈ ਆਉਂਦੀ ਹੈ।

ਰਾਜੇ ਦੀ ਸ਼ਖ਼ਸੀਅਤ ਇਕ ਅਚੂਕ ਜਾਦੂ ਹੁੰਦੀ ਸੀ। ਲੋਕ ਤਾਂ ਉਸ ਨੂੰ ਆਪਣਾ ਰਾਖਾ ਹੀ ਸਮਝਦੇ ਸੀ। ਰਾਜਾ ਦਾ ਉਨ੍ਹਾਂ ਵਿਚ ਹੋਣਾ, ਉਨ੍ਹਾਂ ਨੂੰ ਸੁਰੱਖਿਅਤ ਹੋਣ ਦਾ ਅਹਿਸਾਸ ਕਰਾ ਦਿੰਦਾ ਸੀ। ਉਨ੍ਹਾਂ ਦੀਆਂ ਮਾਤਾਵਾਂ, ਧੀਆਂ ਤੇ ਲਾੜੀਆਂ ਦੀ ਅਸਮਤ ਦੀ ਰਾਖੀ ਤੇ ਜ਼ਿੰਮੇਵਾਰੀ ਰਾਜੇ ਦੇ ਹੱਥ ਵਿਚ ਹੁੰਦੀ ਸੀ। ਰਾਜਾ ਦੋਵੇਂ ਪੱਲੜੇ ਬਰਾਬਰੀ ’ਤੇ ਰੱਖਦਾ ਸੀ, ਕੀ ਉਹ ਲੋਕਾਂ ਦੀ ਅੱਖਾਂ ਵਿਚ ਇਨਸਾਫ਼ ਦੀ ਤਕੜੀ ਪਕੜ ਕੇ ਨਹੀਂ ਬੈਠਾ ਸੀ?

ਉਨ੍ਹਾਂ ਦੇ ਵਾਸਤੇ ਤਾਂ ਉਹ ਰੱਬ ਸੀ ਜੋ ਕਿ ਲਗਾਤਾਰ ਉਨ੍ਹਾਂ ਦੀ ਭਲਾਈ ਵਾਸਤੇ ਤੇ ਉਨ੍ਹਾਂ ਦੇ ਬੱਚਿਆਂ ਵਾਸਤੇ ਸੋਚਦਾ ਹੀ ਰਹਿੰਦਾ ਸੀ।